**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ।**
**ਚੌਥੀ ਮੰਜਿਲ, ਪੰ.ਸ.ਸਿ.ਬੋ. ਕੰਪ. ਫੇਜ਼-8, ਮੋਹਾਲੀ**
**(ਕੋਆਰਡੀਨੇਸ਼ਨ ਸ਼ਾਖਾ)**

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਪੰਜਾਬ।
2. ਸਮੂਹ ਬੀ.ਪੀ.ਈ.ਓ, ਪੰਜਾਬ
3. ਸਮੂਹ ਡੀ.ਡੀ.ਓ, ਪੰਜਾਬ।

(ਵੈਬਸਾਈਟ ਰਾਂਹੀ)

ਮੀਮੋ ਨੰ: DPISE-CORD0GENL/58/2020-COORDINATION-DPISE/202123970-72
ਮਿਤੀ 22-01-2021

ਵਿਸਾ:- ਗਣਤੰਤਰ ਦਿਵਸ 26 ਜਨਵਰੀ, 2021 ਮਨਾਉਣ ਬਾਰੇ।

ਹਵਾਲਾ:- ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸਾਖਾ) ਦੇ ਪੱਤਰ ਨੰ GAD-POLOCELB/4/2019-1 POL1/1/130002/2021 ਮਿਤੀ 12-01-2021 ਅਤੇ ਇਸ ਦਫਤਰ ਦੇ ਪੱਤਰ ਨੰ: DPISE-CORD0GENL/58/2020-COORDINATION-DPISE ਮਿਤੀ 04-01-2021 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸੇ ਤੇ ਸਰਕਾਰ ਵਲੋਂ ਪ੍ਰਾਪਤ ਹਦਾਇਤਾਂ ਦੀ ਕਾਪੀ ਆਪਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ/ ਉਕਤ ਅਨੁਸਾਰ

22.01.2021

ਸਹਾਇਕ ਡਾਇਰੈਕਟਰ (ਕੋਆਰਡੀਨੇਸਨ)

ਪਿੱਠ ਅੰਕਣ ਨੰ: ਉਕਤ/202123973-76 ਮਿਤੀ 22-01-2021

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਦਾਂ ਹੈ:-

1. ਪੀ.ਆਰ.ਓ/ਸਕੱਤਰ ਸਕੂਲ ਸਿੱਖਿਆ , ਪੰਜਾਬ
2. ਸਮੂਹ ਅਧਿਕਾਰੀ/ਸਾਖਾ ਮੁੱਖੀ, ਦਫਤਰ ਡੀ.ਜੀ.ਐਸ.ਈ, ਪੰਜਾਬ
3. ਸਮੂਹ ਅਧਿਕਾਰੀ/ਸਾਖਾ ਮੁੱਖੀ ਦਫਤਰ ਡੀ.ਪੀ.ਆਈ (ਸੈਸਿ/ਐ.ਸਿ), ਪੰਜਾਬ
4. ਸਮੂਹ ਅਧਿਕਾਰੀ/ਸਾਖਾ ਮੁੱਖੀ ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।

22.01.2021

ਸਹਾਇਕ ਡਾਇਰੈਕਟਰ (ਕੋਆਰਡੀਨੇਸਨ)

523137/2021/COORDINATION-DPISE

File No.GAD-POL0CELB/4/2019-I POL-1

I/130002/2021

18

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਰਾਜਨੀਤੀ-1 ਸ਼ਾਖਾ)

ਸੇਵਾ ਵਿਖੇ,

1. ਪੰਜਾਬ ਰਾਜ ਦੀਆਂ ਸਾਰੀਆਂ ਡਵੀਜ਼ਨਾਂ ਦੇ ਕਮਿਸ਼ਨਰਜ਼।
2. ਪੰਜਾਬ ਰਾਜ ਦੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼।
3. ਪੰਜਾਬ ਰਾਜ ਦੇ ਸਾਰੇ ਉਪ-ਮੰਡਲ ਮੈਜਿਸਟਰੇਟ।

ਵਿਸ਼ਾ:- ਗਣਤੰਤਰਤਾ ਦਿਵਸ 26 ਜਨਵਰੀ, 2021 ਮਨਾਉਣ ਬਾਰੇ।

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ. GAD-POLOCELB/4/2019-1POL-1/1/121846/2020, ਮਿਤੀ 22.12.2020 ਦੀ ਲਗਾਤਾਰਤਾ ਵਿੱਚ ਇਹ ਲਿੱਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵੱਲੋਂ ਫੈਸਲਾ ਕੀਤਾ ਹੈ ਕਿ ਆਉਣ ਵਾਲੇ ਗਣਤੰਤਰਤਾ ਦਿਵਸ 26 ਜਨਵਰੀ, 2021 ਨੂੰ ਰਾਜ ਵਿੱਚ ਮਨਾਉਣ ਲਈ ਨਿਮਨ-ਲਿਖਤ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

(ੳ) ਪੰਜਾਬ ਦੇ ਰਾਜਪਾਲ ਜੀ ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਰਾਜ ਪੱਧਰ ਦੇ ਹੋਣ ਵਾਲੇ ਸਮਾਗਮ ਵਿੱਚ ਸਵੇਰ ਦੇ ਸਮੇਂ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ। ਇਸ ਦਿਵਸ ਤੇ ਮੁੱਖ ਮੰਤਰੀ ਪੰਜਾਬ ਜੀ ਜ਼ਿਲ੍ਹਾ ਪਟਿਆਲਾ ਵਿਖੇ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ। ਹੋਰ ਮੰਤਰੀ ਸਾਹਿਬਾਨ ਜਿਹੜੇ-ਜਿਹੜੇ ਮੁਕਾਮਾਂ ਤੇ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੀ ਰਸਮ ਅਦਾ ਕਰਨਗੇ, ਉਨ੍ਹਾਂ ਦੀ ਸੂਚੀ ਵੱਖਰੇ ਤੌਰ ਤੇ ਭੇਜੀ ਜਾ ਰਹੀ ਹੈ। ਜੇਕਰ ਕਿਸੇ ਕਾਰਨ ਕੋਈ ਮੰਤਰੀ ਮਿੱਥੇ ਮੁਕਾਮ ਤੇ ਨਾ ਪੁੱਜ ਸਕੇ ਤਾਂ ਉਸ ਹਾਲਤ ਵਿੱਚ ਕਮਿਸ਼ਨਰੀ ਸਦਰ ਮੁਕਾਮਾਂ ਤੇ ਕਮਿਸ਼ਨਰ ਸਾਹਿਬਾਨ, ਜ਼ਿਲ੍ਹਾ ਸਦਰ ਮੁਕਾਮਾਂ ਤੇ ਡਿਪਟੀ ਕਮਿਸ਼ਨਰ ਸਾਹਿਬਾਨ ਅਤੇ ਉਪ-ਮੰਡਲ ਸਦਰ ਮੁਕਾਮਾਂ ਅਤੇ ਤਹਿਸੀਲ ਸਦਰ ਮੁਕਾਮਾਂ ਤੇ ਸਬੰਧਤ ਵਧੀਕ ਡਿਪਟੀ ਕਮਿਸ਼ਨਰ/ਉਪ ਮੰਡਲ ਮੈਜਿਸਟ੍ਰੇਟ/ਤਹਿਸੀਲਦਾਰ ਸਵੇਰੇ ਦੇ ਸਮੇਂ ਝੰਡਾ ਲਹਿਰਾਉਣਗੇ ਅਤੇ ਸਲਾਮੀ ਲੈਣਗੇ।

(ਅ) ਜ਼ਿਲ੍ਹਿਆਂ ਵਿੱਚ ਮਾਰਚ ਪਾਸਟ ਦੀ ਰਸਮ ਵਿਚ ਸਥਾਨਿਕ ਐਨ.ਸੀ.ਸੀ. ਵੀ ਭਾਗ ਲਵੇ।

(ੲ) ਸਭ ਸਰਕਾਰੀ ਇਮਾਰਤਾਂ ਤੇ ਰਾਸ਼ਟਰੀ ਝੰਡਾ ਲਹਿਰਾਇਆ ਜਾਵੇ। ਇਸ ਅਵਸਰ ਤੇ ਜਨਤਾ ਨੂੰ ਆਪਣੇ ਘਰਾਂ ਤੇ ਰਾਸ਼ਟਰੀ ਝੰਡਾ ਲਹਿਰਾਉਣ ਸਬੰਧੀ ਕੋਈ ਪਾਬੰਦੀ ਨਹੀਂ ਹੋਵੇਗੀ।

(ਸ) 26 ਜਨਵਰੀ, 2021 ਦੇ ਗਣਤੰਤਰਤਾ ਦਿਵਸ ਤੇ ਝਾਂਕੀਆਂ ਅਤੇ ਦਰਸ਼ਕਾਂ ਦੀ ਗਿਣਤੀ ਆਮ ਨਾਲੋਂ 50% ਤੋਂ ਵੱਧ ਨਹੀਂ ਹੋਵੇਗੀ। ਇਨ੍ਹਾਂ ਸਮਾਗਮਾਂ ਤੇ ਕੋਈ ਵੀ ਕਵੀ ਸੰਮੇਲਨ, ਸਭਿਆਚਾਰਕ ਜਾਂ ਖੇਡਾਂ ਦੇ ਸਮਾਗਮ ਨਹੀਂ ਹੋਣਗੇ ਅਤੇ ਨਾ ਹੀ ਕੋਈ 'AT Home' ਸਮਾਗਮ ਹੋਵੇਗਾ।

2. ਰਾਜਪਾਲ ਪੰਜਾਬ ਜੀ, ਮੁੱਖ ਮੰਤਰੀ ਪੰਜਾਬ ਜੀ, ਸਪੀਕਰ ਸਾਹਿਬ, ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਅਤੇ ਦੂਜੇ ਮੰਤਰੀ ਸਾਹਿਬਾਨ ਦੇ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਦੇ ਪ੍ਰੋਗਰਾਮਾਂ ਦੇ ਵੇਰਵੇ ਬਾਰੇ ਸੂਚਨਾ ਤਤਕਾਲ ਹੀ ਉਨ੍ਹਾਂ ਦੇ ਪ੍ਰਮੁੱਖ ਸਕੱਤਰ/ਸਕੱਤਰ/ਨਿੱਜੀ ਸਕੱਤਰ ਸਾਹਿਬਾਨ ਨੂੰ ਭੇਜ ਦਿੱਤੀ ਜਾਵੇ।

3. ਇਸ ਦੀ ਪਹੁੰਚ ਰਸੀਦ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

Under Secretary

12/01/2021

ਇਸ ਦੀ ਇੱਕ ਕਾਪੀ ਸਾਰੇ ਵਿਭਾਗਾਂ ਦੇ ਮੁੱਖੀਆਂ, ਪੰਜਾਬ ਦੇ ਜਿਲ੍ਹਾ ਤੇ ਸੈਸ਼ਨ ਜੱਜਾਂ, ਪੰਜਾਬ ਦੇ ਸਾਰੇ ਉਪ ਮੰਡਲ ਅਫਸਰਾਂ (ਸਿਵਲ)/ਤਹਿਸੀਲਦਾਰਾਂ ਅਤੇ ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

**ਕੇਵਲ ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਲਈ** :- ਸਬੰਧਤ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਅਤੇ ਪ੍ਰੋਗਰਾਮ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ।

**ਕੇਵਲ ਜਿਲ੍ਹਾ ਸਦਰ ਮੁਕਾਮਾਂ ਤੇ ਨਿਯੁਕਤ ਉਪ-ਮੰਡਲ ਅਫਸਰਾਂ (ਸਿਵਲ) ਤੋਂ ਇਲਾਵਾ ਬਾਕੀ ਦੇ ਸਾਰੇ ਉਪ ਮੰਡਲ ਅਫਸਰਾਂ (ਸਿਵਲ) ਤੇ ਤਹਿਸੀਲਦਾਰਾਂ ਲਈ** :- ਉਹ ਆਪਣੇ ਉਪ-ਮੰਡਲਾਂ/ਤਹਿਸੀਲਾਂ ਦੇ ਸਦਰ ਮੁਕਾਮਾਂ ਤੇ ਢੁਕਵੇਂ ਸਮਾਰੋਹਾਂ ਦਾ ਪ੍ਰਬੰਧ ਕਰਨ।

**ਕੇਵਲ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਲਈ** :-ਕ੍ਰਿਪਾ ਕਰਕੇ ਸਾਰੇ ਸਥਾਨਾਂ ਤੇ ਲੋੜੀਂਦੀ ਪੁਲਿਸ ਦਾ ਪ੍ਰਬੰਧ ਕੀਤਾ ਜਾਵੇ।

Under Secretary

12/01/2021

ਇਸ ਦੀ ਇੱਕ ਕਾਪੀ ਪੰਜਾਬ ਸਰਕਾਰ ਦੇ ਸਮੂਹ ਵਿਸੇਸ ਮੁੱਖ ਸਕੱਤਰ, ਸਮੂਹ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ ਸਾਹਿਬਾਨਜ਼ ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

Under Secretary

12/01/2021

ਇਸ ਦੀ ਇੱਕ ਕਾਪੀ ਪ੍ਰਮੁੱਖ ਸਕੱਤਰ/ਰਾਜਪਾਲ ਪੰਜਾਬ ਜੀ, ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ ਜੀ ਅਤੇ ਸਕੱਤਰ/ਨਿੱਜੀ ਸਕੱਤਰ ਟੂ ਸਪੀਕਰ/ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ/ਮੰਤਰੀ ਸਾਹਿਬਾਨਜ਼ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਰਾਜਪਾਲ ਪੰਜਾਬ ਜੀ, ਮੁੱਖ ਮੰਤਰੀ ਪੰਜਾਬ ਜੀ, ਸਪੀਕਰ/ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਅਤੇ ਮੰਤਰੀ ਸਾਹਿਬਾਨਜ਼ ਜੀ ਦੇ ਰਾਸ਼ਟਰੀ ਝੰਡਾ ਲਹਿਰਾਉਣ ਅਤੇ ਸਲਾਮੀ ਲੈਣ ਬਾਰੇ ਸਮਾਰੋਹਾਂ ਦੇ ਪ੍ਰੋਗਰਾਮਾਂ ਦੇ ਵੇਰਵੇ ਲਈ ਉਹ ਕ੍ਰਿਪਾ ਕਰਕੇ ਸਬੰਧਤ ਡਿਪਟੀ ਕਮਿਸਨਰ/ਜਿਲ੍ਹਾ ਅਧਿਕਾਰੀਆਂ ਨਾਲ ਪੱਤਰ ਵਿਹਾਰ ਕਰਨ ਦੀ ਖੇਚਲ ਕਰਨ।

Under Secretary

12/01/2021

ਇੱਕ ਕਾਪੀ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ|

Under Secretary

12/01/2021

ਇੱਕ ਕਾਪੀ ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ|

Under Secretary

12/01/2021